# ਝਲਕੀਆਂ : ਜਨਮ-ਦਿਵਸ




ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਰਾਇ ਸਿੰਘ ਦਾ ਜਥਾ ਮਨੋਹਰ ਕੀਰਤਨ ਕਰਦਾ ਹੋਇਆ।




ਗੁਰਦੁਆਰਾ ਬੰਗਲਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅਮਨਦੀਪ ਸਿੰਘ ਅਤੇ ਸਾਥੀ ਇਲਾਹੀ ਬਾਣੀ ਦਾ ਕੀਰਤਨ ਕਰਦੇ ਹੋਏ।




ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ, ਮਹਿਰੌਲੀ ਦੇ ਵਿਦਿਆਰਥੀ ਗੁਰਬਾਣੀ ਦਾ ਮਨੋਹਰ ਕੀਰਤਨ ਸਰਵਣ ਕਰਾਉਂਦੇ ਹੋਏ।




ਭਾਈ ਸਾਹਿਬ ਦੀ ਕਵਿਤਾ ਦਾ ਗਾਇਨ ਕਰਦੇ ਹੋਏ ਸਰਦਾਰਨੀ ਤਰਨਜੀਤ ਕੌਰ ਅਤੇ ਤਮਨਪ੍ਰੀਤ ਕੌਰ।




'ਸਚਿਆਰ ਮਾਰਗ ਅਤੇ ਭਾਈ ਵੀਰ ਸਿੰਘ' 'ਤੇ ਸੰਦੇਸ਼ ਪੜ੍ਹਦੇ ਹੋਏ ਸਰਦਾਰਨੀ ਸਿਮਲ ਜੋਗਿੰਦਰ ਸਿੰਘ



ਪ੍ਰੋਗਰਾਮ ਦੀ ਸਮਾਪਤੀ ਤੋਂ ਬਾਅਦ ਲੰਗਰ ਛਕਦੀਆਂ ਗੁਰੂ ਕੀਆਂ ਸੰਗਤਾਂ।



ਪੰਜਾਬੀ ਸਾਹਿਤ ਲਈ ਕੁਵੇਂਪੂ ਕੌਮੀ ਪੁਰਸਕਾਰ 2019 ਵਿਜੇਤਾ ਸ. ਗੁਰਬਚਨ ਸਿੰਘ ਭੁੱਲਰ ਦਾ ਸਨਮਾਨ ਕਰਦੇ ਹੋਏ ਸਰਦਾਰਨੀ ਗੁਰਸ਼ਰਨ ਕੌਰ ਅਤੇ ਜਨਰਲ ਜੋਗਿੰਦਰ ਸਿੰਘ। ਨਾਲ ਨਜ਼ਰ ਆ ਰਹੇ ਹਨ ਸ. ਨਵਤੇਜ ਸਿੰਘ ਸਰਨਾ ਅਤੇ ਹੋਰ।



ਕੁਵੇਂਪੂ ਕੌਮੀ ਪੁਰਸਕਾਰ 2019 ਵਿਜੇਤਾ ਸ੍ਰੀਮਤੀ ਅਜੀਤ ਕੌਰ ਦਾ ਸਨਮਾਨ ਕਰਦੇ ਹੋਏ ਸਰਦਾਰਨੀ ਗੁਰਸ਼ਰਨ ਕੌਰ ਅਤੇ ਜਨਰਲ ਜੋਗਿੰਦਰ ਸਿੰਘ। ਨਾਲ ਨਜ਼ਰ ਆ ਰਹੇ ਹਨ ਸ. ਨਵਤੇਜ ਸਿੰਘ ਸਰਨਾ, ਸ. ਹਰਚਰਨ ਸਿੰਘ ਨਾਗ ਅਤੇ ਹੋਰ।



ਗੁਰੂ ਨਾਨਕ ਪਬਲਿਕ ਸਕੂਲ, ਪੀਤਮ ਪੁਰਾ ਦੇ ਵਿਦਿਆਰਥੀਆਂ ਨੂੰ ਭਾਈ ਵੀਰ ਸਿੰਘ ਚਲੰਤ ਟਰਾਫ਼ੀ ਪ੍ਰਦਾਨ ਕਰਦੇ ਹੋਏ ਸਰਦਾਰਨੀ ਗੁਰਸ਼ਰਨ ਕੌਰ।



ਸ. ਨਵਤੇਜ ਸਿੰਘ ਸਰਨਾ, ਸ੍ਰੀਮਤੀ ਗੁਰਸ਼ਰਨ ਕੌਰ ਅਤੇ ਹੋਰ ਪਤਵੰਤਿਆਂ ਦੇ ਨਾਲ ਭਾਈ ਵੀਰ ਸਿੰਘ ਯਾਦਗਾਰੀ ਲੇਖ ਮੁਕਾਬਲੇ ਦੇ ਜੇਤੂ ਵਿਦਿਆਰਥੀ।



ਅੰਬੈਸਡਰ ਨਵਤੇਜ ਸਿੰਘ ਸਰਨਾ ਗੁਰੂ ਨਾਨਕ ਦੇਵ ਜੀ ਦੇ ਜੀਵਨ ’ਤੇ ਆਧਾਰਿਤ ਚਿੱਤਰ-ਪੁਸਤਕ ਸਰਦਾਰਨੀ ਗੁਰਸ਼ਰਨ ਕੌਰ ਨੂੰ ਭੇਟ ਕਰਦੇ ਹੋਏ। ਨਾਲ ਨਜ਼ਰ ਆ ਰਹੇ ਹਨ ਡਾ. ਨੀਨਾ ਪੁਰੀ, ਡਾ.ਰਘਬੀਰ ਸਿੰਘ, ਸ. ਹਰਚਰਨ ਸਿੰਘ ਨਾਗ ਤੇ ਭਾਈ ਸਾਹਿਬ ਦੇ ਪਰਿਵਾਰਿਕ ਮੈਂਬਰ।

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਸਦਨ ਵਿਖੇ ਭਾਈ ਵੀਰ ਸਿੰਘ ਜੀ ਦਾ 147ਵਾਂ ਜਨਮ-ਦਿਵਸ ਮਨਾਇਆ ਗਿਆ



**ਖਾਲਸਾ ਸਮਾਚਾਰ** ਦੇ ਵਿਸ਼ੇਸ਼ ਅੰਕ ਦਾ ਵਿਮੋਚਨ ਕਰਦੇ ਹੋਏ ਸਰਦਾਰਨੀ ਗੁਰਸ਼ਰਨ ਕੌਰ। ਨਾਲ ਨਜ਼ਰ ਆ ਰਹੇ ਹਨ ਸ. ਨਵਤੇਜ ਸਿੰਘ ਸਰਨਾ, ਸ.ਹਰਚਰਨ ਸਿੰਘ ਨਾਗ, ਜਨਰਲ ਜੋਗਿੰਦਰ ਸਿੰਘ ਅਤੇ ਭਾਈ ਵੀਰ ਸਿੰਘ ਜੀ ਦੇ ਪਰਿਵਾਰਕ ਮੈਂਬਰ।

ਨਵੀਂ ਦਿੱਲੀ, 5 ਦਸੰਬਰ 2019 : ਭਾਈ ਵੀਰ ਸਿੰਘ ਸਾਹਿਤ ਸਦਨ ਅਤੇ ਭਾਈ ਵੀਰ ਸਿੰਘ ਸਟੱਡੀ ਸਰਕਲ ਵਲੋਂ ਭਾਈ ਵੀਰ ਸਿੰਘ ਦੇ 147ਵੇਂ ਜਨਮ-ਦਿਵਸ ਸਮਾਗਮ ਤੇ ਬੋਲਦਿਆਂ ਅੰਬੈਸਡਰ ਨਵਤੇਜ ਸਿੰਘ ਸਰਨਾ ਨੇ ਭਾਈ ਸਾਹਿਬ ਨੂੰ ਇਕ ਅਜਿਹੀ ਸ਼ਖ਼ਸੀਅਤ ਕਿਹਾ ਜਿਨ੍ਹਾਂ ਆਪਣੇ ਜੀਵਨ ਨੂੰ ਆਪਣੀ ਬਹੁਮੁੱਲੀ ਵਿਰਾਸਤ ਦੇ ਪ੍ਰਚਾਰ-ਪ੍ਰਸਾਰ ਦੇ ਲੇਖੇ ਲਾਇਆ। ਇਸ ਲਈ ਉਨ੍ਹਾਂ ਬਹੁਵਿਧ ਰੂਪਾਂ 'ਚ ਸਾਹਿਤ ਸਿਰਜਨਾ ਕੀਤੀ। ਅੰਬੈਸਡਰ ਸਰਨਾ ਨੇ ਭਾਈ ਵੀਰ ਸਿੰਘ ਵਲੋਂ ਉਸ ਸਮੇਂ ਸਿੰਘ ਸਭਾ ਲਹਿਰ ਦੇ ਉਦੇਸ਼ਾਂ ਮੁਤਾਬਕ ਕੀਤੇ ਅਕਾਦਮਿਕ ਉਪਰਾਲਿਆਂ ਦਾ ਵੀ ਜ਼ਿਕਰ ਕੀਤਾ। ਇਸ ਮੌਕੇ ਉਨ੍ਹਾਂ ਸਦਨ ਦੀਆਂ ਪ੍ਰਕਾਸ਼ਨਾਵਾਂ ਨੂੰ ਰਿਲੀਜ਼ ਕੀਤਾ ਅਤੇ 550ਵੇਂ ਪ੍ਰਕਾਸ਼-ਪੁਰਬ ਮੌਕੇ ਸਦਨ ਵਲੋਂ ਵਿਸ਼ੇਸ਼ ਤੌਰ ਤੇ ਤਿਆਰ ਕੀਤੀ ਚਿੱਤਰ-ਪੁਸਤਕ **ਗੁਰੂ ਨਾਨਕ: ਲਾਈਫ਼ ਐਂਡ ਲੀਗੇਸੀ** ਦੀ ਇਕ ਕਾਪੀ ਸਰਦਾਰਨੀ ਗੁਰਸ਼ਰਨ ਕੌਰ ਨੂੰ ਭੇਟ ਕੀਤੀ। ਉਪਰੰਤ ਸਰਦਾਰਨੀ ਗੁਰਸ਼ਰਨ ਕੌਰ ਵਲੋਂ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼-ਪੁਰਬ ਨੂੰ ਸਮਰਪਿਤ **ਖਾਲਸਾ ਸਮਾਚਾਰ** ਦੇ ਵਿਸ਼ੇਸ਼ ਅੰਕ ਨੂੰ ਰਿਲੀਜ਼ ਕੀਤਾ ਗਿਆ। ਇਸ ਤੋਂ ਬਾਅਦ ਸਦਨ ਵਲੋਂ ਆਯੋਜਿਤ ਭਾਈ ਵੀਰ ਸਿੰਘ ਯਾਦਗਾਰੀ ਲੇਖ ਮੁਕਾਬਲੇ ਦੇ ਸਕੂਲੀ ਅਤੇ ਕਾਲਜ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਭਾਈ ਵੀਰ ਸਿੰਘ ਚਲੰਤ ਟਰਾਫ਼ੀ ਗੁਰੂ ਨਾਨਕ ਪਬਲਿਕ ਸਕੂਲ, ਪੀਤਮ ਪੁਰਾ ਨੂੰ ਪ੍ਰਦਾਨ ਕੀਤੀ ਗਈ। ਕਾਲਜ ਵਿਦਿਆਰਥੀਆਂ 'ਚੋਂ ਬੀਏ-ਐਮਏ ਵਰਗ 'ਚੋਂ ਮਨਪ੍ਰੀਤ ਕੌਰ, ਜੈਸਮੀਨ ਕੌਰ ਅਤੇ ਦਵਿੰਦਰ ਸਿੰਘ ਨੂੰ ਕ੍ਰਮਵਾਰ ਰੁਪੈ 8000/-, 6000/- ਤੇ 4000/- ਅਤੇ ਐਮਫਿਲ-ਪੀਐਚਡੀ ਵਰਗ 'ਚੋਂ ਮਨਦੀਪ ਸਿੰਘ, ਅਮਨਦੀਪ ਕੌਰ ਅਤੇ ਜਸਕਰਨ ਸਿੰਘ ਨੂੰ ਕ੍ਰਮਵਾਰ ਰੁਪੈ 10,000/-, 8000/-, 5000/- ਅਤੇ ਸਨਮਾਨ ਚਿੰਨ੍ਹ ਸਹਿਤ ਪੁਰਸਕ੍ਰਿਤ ਕੀਤਾ ਗਿਆ। ਪੰਜਾਬੀ ਸਾਹਿਤ ਲਈ ਵਿਸ਼ੇਸ਼ ਯੋਗਦਾਨ ਪਾਉਣ ਵਾਲੇ ਕੁਵੇਂਪੂ ਕੌਮੀ ਪੁਰਸਕਾਰ ਵਿਜੇਤਾ 2019, ਸ਼੍ਰੀਮਤੀ ਅਜੀਤ ਕੌਰ ਅਤੇ ਗੁਰਬਚਨ ਸਿੰਘ ਭੁੱਲਰ ਦਾ ਸਦਨ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਪ੍ਰੋਗਰਾਮ ਦਾ ਆਰੰਭ ਗੁਰੂ ਗ੍ਰੰਥ ਸਾਹਿਬ ਵਿੱਦਿਆ ਕੇਂਦਰ ਦੇ ਵਿਦਿਆਰਥੀਆਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਸਹਿਜ ਪਾਠ ਦੇ ਭੋਗ ਅਤੇ ਕੀਰਤਨ ਰਾਹੀਂ ਹੋਇਆ। ਉਪਰੰਤ ਰਾਗੀ ਭਾਈ ਅਮਨਦੀਪ ਸਿੰਘ ਅਤੇ ਦਰਬਾਰ ਸਾਹਿਬ ਤੋਂ ਪਹੁੰਚੇ ਰਾਗੀ ਭਾਈ ਰਾਇ ਸਿੰਘ ਦੇ ਜਥਿਆਂ ਨੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਰਦਾਰਨੀ ਸਿਮਲ ਜੋਗਿੰਦਰ ਸਿੰਘ ਨੇ ਭਾਈ ਸਾਹਿਬ ਦਾ ਸੰਦੇਸ਼ ਅਤੇ ਸਰਦਾਰਨੀ ਤਰਨਜੀਤ ਕੌਰ ਨੇ ਭਾਈ ਸਾਹਿਬ ਦੀ ਕਵਿਤਾ ਦਾ ਗਾਇਨ ਕੀਤਾ। ਅਖ਼ੀਰ 'ਚ ਅਨੰਦ ਸਾਹਿਬ ਦੇ ਪਾਠ, ਅਰਦਾਸ ਤੋਂ ਬਾਅਦ ਗੁਰੂ ਕਾ ਹੁਕਮਨਾਮਾ ਹੋਇਆ ਤੇ ਗੁਰੂ ਕਾ ਅਤੁੱਟ ਲੰਗਰ ਸੰਗਤਾਂ 'ਚ ਵਰਤਾਇਆ ਗਿਆ।

✧ ✧ ✧ ✧ ✧